ਪ੍ਰਧਾਨ ਮੰਤਰੀ ਨੇ ਜੋਹਾਨਸਬਰਗ ਵਿੱਚ IBSA ਲੀਡਰਾਂ ਦੀ ਬੈਠਕ ਵਿੱਚ ਹਿੱਸਾ ਲਿਆ (23 ਨਵੰਬਰ, 2025)

23 ਨਵੰਬਰ, 2025

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਜੋਹਾਨਸਬਰਗ, ਦੱਖਣੀ ਅਫਰੀਕਾ ਵਿੱਚ ਆਯੋਜਿਤ IBSA ਲੀਡਰਾਂ ਦੀ ਬੈਠਕ ਵਿੱਚ ਹਿੱਸਾ ਲਿਆ। ਇਸ ਬੈਠਕ ਦੀ ਮੇਜ਼ਬਾਨੀ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨੇ ਕੀਤੀ ਅਤੇ ਬ੍ਰਾਜ਼ੀਲ ਦੇ ਰਾਸ਼ਟਰਪਤੀ, ਮਹਾਮਹਿਮ ਲੁਈਜ਼ ਇਨਾਸਿਓ ਲੁਲਾ ਡਾ ਸਿਲਵਾ ਨੇ ਹਿੱਸਾ ਲਿਆ।

2. ਬੈਠਕ ਨੂੰ ਸਮੇਂ ਅਨੁਕੂਲ ਦਸਦੇ ਹੋਏ, ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਅਫਰੀਕੀ ਮਿੱਟੀ 'ਤੇ ਪਹਿਲੇ G20 ਸਿਖਰ ਸੰਮੇਲਨ ਨਾਲ ਹੋਈ ਹੈ ਅਤੇ ਗਲੋਬਲ ਸਾਊਥ ਦੇਸ਼ਾਂ ਵਿੱਚ ਲਗਾਤਾਰ ਚਾਰ G20 ਪ੍ਰਧਾਨਗੀਆਂ ਦੀ ਸਮਾਪਤੀ ਨੂੰ ਦਰਸਾਉਂਦੀ ਹੈ, ਜਿਨ੍ਹਾਂ ਵਿੱਚੋਂ ਆਖਰੀ ਤਿੰਨ IBSA ਸਦੱਸ ਵਲੋਂ ਕੀਤੀਆਂ ਗਈਆਂ ਸਨ. ਉਨ੍ਹਾਂ ਨੇ ਕਿਹਾ ਕਿ ਇਸ ਦੇ ਨਤੀਜੇ ਵਜੋਂ ਮਨੁੱਖੀ-ਕੇਂਦਰਿਤ ਵਿਕਾਸ, ਬਹੁ-ਪੱਖੀ ਸੁਧਾਰ ਅਤੇ ਟਿਕਾਊ ਵਿਕਾਸ 'ਤੇ ਕੇਂਦਰਿਤ ਕਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਗਈਆਂ ਹਨ।

3. ਪ੍ਰਧਾਨ ਮੰਤਰੀ ਨੇ ਜ਼ੋਰ ਦਿੱਤਾ ਕਿ IBSA ਸਿਰਫ ਤਿੰਨ ਦੇਸ਼ਾਂ ਦਾ ਸਮੂਹ ਨਹੀਂ ਹੈ ਬਲਕਿ ਤਿੰਨ ਮਹਾਂਦੀਪਾਂ, ਤਿੰਨ ਪ੍ਰਮੁੱਖ ਲੋਕਤੰਤਰੀ ਦੇਸ਼ਾਂ ਅਤੇ ਤਿੰਨ ਪ੍ਰਮੁੱਖ ਅਰਥਵਿਵਸਥਾਵਾਂ ਨੂੰ ਜੋੜਨ ਵਾਲਾ ਇੱਕ ਮਹੱਤਵਪੂਰਨ ਮੰਚ ਹੈ।

4. ਪ੍ਰਧਾਨ ਮੰਤਰੀ ਨੇ ਜ਼ੋਰ ਦਿੱਤਾ ਕਿ ਵਿਸ਼ਵ-ਵਿਆਪੀ ਸ਼ਾਸਨ ਦੀਆਂ ਸੰਸਥਾਵਾਂ 21ਵੀਂ ਸਦੀ ਦੀਆਂ ਹਕੀਕਤਾਂ ਤੋਂ ਬਹੁਤ ਦੂਰ ਹਨ. ਉਨ੍ਹਾਂ IBSA ਨੂੰ ਇੱਕ ਮਜ਼ਬੂਤ ਸੰਦੇਸ਼ ਭੇਜਣ ਦਾ ਸੱਦਾ ਦਿੱਤਾ ਕਿ ਵਿਸ਼ੇਸ਼ ਤੌਰ 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਸੰਸਥਾਨਾਂ ਵਿੱਚ ਸੁਧਾਰ ਹੁਣ ਇੱਕ ਵਿਕਲਪ ਨਹੀਂ ਹੈ, ਪਰ ਲਾਜ਼ਮੀ ਹੈ।

5. ਅੱਤਵਾਦ ਵਿਰੋਧੀ ਮੁੱਦੇ 'ਤੇ, ਪ੍ਰਧਾਨ ਮੰਤਰੀ ਨੇ ਨਜ਼ਦੀਕੀ ਤਾਲਮੇਲ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਅੱਤਵਾਦ ਨਾਲ ਲੜਦੇ ਸਮੇਂ ਦੋਹਰੇ ਮਾਪਦੰਡਾਂ ਲਈ ਕੋਈ ਜਗ੍ਹਾ ਨਹੀਂ ਹੋਣੀ ਚਾਹੀਦੀ। ਮਨੁੱਖੀ-ਕੇਂਦਰਿਤ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਤਕਨੀਕ ਦੀ ਮਹੱਤਵਪੂਰਣ ਭੂਮਿਕਾ ਨੂੰ ਉਜਾਗਰ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਤਿੰਨ ਦੇਸ਼ਾਂ ਵਿੱਚ UPI ਵਰਗੇ ਡਿਜ਼ੀਟਲ ਜਨਤਕ ਬੁਨਿਆਦੀ ਢਾਂਚੇ, ਸਿਹਤ ਪਲੇਟਫਾਰਮਾਂ ਜਿਵੇਂ ਕਿ CoWIN, ਸਾਈਬਰ ਸੁਰੱਖਿਆ ਫਰੇਮਵਰਕ ਅਤੇ ਮਹਿਲਾ-ਅਗਵਾਈ ਵਾਲੀ ਤਕਨੀਕੀ ਪਹਿਲਕਦਮੀਆਂ ਨੂੰ ਸਾਂਝਾ ਕਰਨ ਦੀ ਸਹੂਲਤ ਲਈ ਇੱਕ 'IBSA ਡਿਜ਼ੀਟਲ ਨਵੀਨਤਾ ਗੱਠਜੋੜ' ਦੀ ਸਥਾਪਨਾ ਦਾ ਪ੍ਰਸਤਾਵ ਰੱਖਿਆ।

6. ਪ੍ਰਧਾਨ ਮੰਤਰੀ ਨੇ ਸੁਰੱਖਿਅਤ, ਭਰੋਸੇਮੰਦ ਅਤੇ ਮਨੁੱਖੀ-ਕੇਂਦਰਿਤ AI ਨਿਯਮਾਂ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ IBSA ਦੀ ਸਮਰੱਥਾ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਨੇ ਅਗਲੇ ਸਾਲ ਭਾਰਤ ਵਿੱਚ ਆਯੋਜਿਤ ਹੋਣ ਵਾਲੇ AI ਪ੍ਰਭਾਵ ਸਿਖਰ ਸੰਮੇਲਨ ਵਿੱਚ IBSA ਲੀਡਰਾਂ ਨੂੰ ਸੱਦਾ ਦਿੱਤਾ।

7. ਪ੍ਰਧਾਨ ਮੰਤਰੀ ਨੇ ਕਿਹਾ ਕਿ IBSA ਇੱਕ-ਦੂਜੇ ਦੇ ਵਿਕਾਸ ਦੇ ਪੂਰਕ ਅਤੇ ਟਿਕਾਊ ਵਿਕਾਸ ਦੀ ਇੱਕ ਮਿਸਾਲ ਬਣ ਸਕਦੇ ਹਨ। ਉਨ੍ਹਾਂ ਨੇ ਮੋਟੇ ਅਨਾਜ, ਕੁਦਰਤੀ ਖੇਤੀ, ਆਫ਼ਤ ਲਚਕੀਲਾਪਣ ਸਮਰੱਥਾ, ਹਰਿਤ ਊਰਜਾ, ਪਰੰਪਰਿਕ ਦਵਾਈਆਂ ਅਤੇ ਸਿਹਤ ਸੁਰੱਖਿਆ ਵਰਗੇ ਖੇਤਰਾਂ ਵਿੱਚ ਸਹਿਯੋਗ ਦੇ ਮੌਕਿਆਂ 'ਤੇ ਚਾਨਣਾ ਪਾਇਆ।

8. ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖਿਆ, ਸਿਹਤ, ਮਹਿਲਾ ਸਸ਼ਕਤੀਕਰਨ ਅਤੇ ਸੂਰਜੀ ਊਰਜਾ ਵਰਗੇ ਸੈਕਟਰਾਂ ਵਿੱਚ ਚਾਲੀ ਦੇਸ਼ਾਂ ਵਿੱਚ ਪ੍ਰੋਜੈਕਟਾਂ ਦੇ ਸਮਰਥਨ ਲਈ IBSA ਫੰਡ ਦੇ ਕੰਮ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੇ ਦੱਖਣ-ਦੱਖਣ ਸਹਿਯੋਗ ਨੂੰ ਹੋਰ ਅੱਗੇ ਵਧਾਉਣ ਲਈ ਜਲਵਾਯੂ ਅਨੁਕੂਲ ਖੇਤੀਬਾੜੀ ਲਈ IBSA ਫੰਡ ਦਾ ਪ੍ਰਸਤਾਵ ਰੱਖਿਆ। ਪ੍ਰਧਾਨ ਮੰਤਰੀ ਦਾ ਪੂਰਾ ਭਾਸ਼ਣ [ਇੱਥੇ] ਪੜ੍ਹਿਆ ਜਾ ਸਕਦਾ ਹੈ।

ਜੋਹਾਨਸਬਰਗ

23 ਨਵੰਬਰ, 2025